**2019 ਦਾਨੀਆਂ ਨੂੰ ਪਾਉਣ ਵਾਲੀ ਚਿੱਠੀ ਦਾ ਨਮੂਨਾ**

ਇਹ ਉਸ ਚਿੱਠੀ ਦਾ ਨਮੂਨਾ ਹੈ ਜਿਸ ਵਿਚ ਤੁਸੀਂ ਆਸੇ ਪਾਸੇ ਵਾਲਿਆਂ ਨੂੰ ਦਸ ਸਕਦੇ ਹੋ ਕਿ ਤੁਸੀਂ ਗੁਰਦਾ ਦਾਨ ਕਰਨ ਵਾਲੇ ਦੀ ਭਾਲ ਵਿਚ ਹੋ।ਕੋਈ ਵੀ ਤਬਦੀਲੀ ਕਰਨ ਦੀ ਤੁਹਾਨੂੰ ਖੁਲ ਹੈ। ਇਹ ਯਕੀਨੀ ਕਰੋ ਕਿ ਇਸ ਵਿਚ ਤੁਹਾਡੇ ਟਰਾਂਸਪਲਾਂਟ ਵਾਲੇ ਹਸਪਤਾਲ ਦੀ ਸੂਚਨਾਂ ਸਹੀ ਹੈ।

ਪਿਆਰੇ ਪਰਿਵਾਰ ਤੇ ਦੋਸਤੋ ,
ਮੈਂ ਤੁਹਾਨੂੰ ਅਪਣੀ ਸਿਹਤ ਦੀ ਸਥਿਤੀ ਬਾਰੇ ਜਾਣਕਾਰੀ ਦੇਣ ਲਈ ਲਿਖ ਰਿਹਾ ਹਾਂ ਤੇ ਇਹ ਖਤ ਲਿਖਣਾ ਇਕ ਮੁਸ਼ਕਿਲ ਕੰਮ ਹੈ ।ਮੇਰੇ ਗੁਰਦੇ ਫੇਲ ਹੋ ਰਹੇ ਹਨ ਤੇ ਡਾਕਟਰਾਂ ਨੇ ਦਸਿਆ ਹੈ ਕਿ ਗੁਰਦਾ ਬਦਲਣਾ ਹੀ ਸਭ ਤੋਂ ਵਧੀਆ ਇਲਾਜ ਹੈ।ਮੈਨੂੰ ਸਲਾਹ ਦਿਤੀ ਹੈ ਕਿ ਉਹ ਵਿਅਕਤੀ ਦੀ ਭਾਲ ਕਰਾਂ ਜੋ ਅਪਣਾ ਇਕ ਗੁਰਦਾ ਮੈਨੂੰ ਦਾਨ ਕਰ ਸਕਦਾ ਹੋਵੇ।ਮੈਂ ਇਹ ਚਿਠੀ ਇਸ ਆਸ ਨਾਲ ਲਿਖ ਰਿਹਾ ਹਾਂ ਕਿ ਕੋਈ ਸੰਭਾਵੀ ਦਾਨੀ ਇਸ ਲਈ ਅਗੇ ਆਉਣਾ ਚਾਹੇਗਾ।

ਮੈਂ ਇਹ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਂ ਉਹ ਦਾਨੀ ਹੀ ਚਾਹੁੰਦਾ ਹਾਂ ਜੋ ਦਾਨ ਲਈ ਕਿਸੇ ਕਿਸਮ ਦਾ ਦਬਾਅ ਮਹਿਸੂਸ ਨਾ ਕਰੇ।ਜੇ ਦਾਨ ਦਾ ਖਿਆਲ ਤੁਹਾਡੇ ਵਾਸਤੇ ਸਹਿਜ ਨਹੀਂ ਤਾਂ ਮੈਂ ਚਾਹੁੰਦਾ ਹਾਂ ਕਿ ਮੈਂ ਇਹ ਗਲ ਸਮਝਦਾ ਹਾਂ ਇਸਦੀ ਇਜ਼ਤ ਕਰਦਾ ਹਾਂ ਤੇ ਇਹ ਕਿਸੇ ਵੀ ਤਰਾਂ ਸਾਡੇ ਸੰਬੰਧਾਂ ਤੇ ਅਸਰ ਨਹੀਂ ਪਾਵੇਗਾ। ਬਿਲਕੁਲ ਸਹੀ!

ਮੈਂ ਜਾਣਦਾ ਹਾਂ ਕਿ ਇਹ ਬਿਲਕੁਲ ਨਿਜੀ ਫੈਸਲਾ ਹੈ ਤੇ ਇਸ ਲਈ ਬਹੁਤ ਸੋਚਣਾ ਹੁੰਦਾ ਹੈ।ਮੈਨੂੰ ਪਤਾ ਲਗਾ ਹੈ ਕਿ ਗੁਰਦਾ ਦਾਨ ਕਰਨ ਵਾਲਾ ਇਕ ਗੁਰਦੇ ਨਾਲ ਵੀ ਆਮ ਤੇ ਸਿਹਤਮੰਦ ਜੀਵਨ ਜੀਉਣ ਦੇ ਕਾਬਲ ਹੁੰਦਾ ਹੈ। ਮੈਨੂੰ ਇਹ ਜਾਣ ਕੇ ਦਿਲਚਸਪੀ ਹੋਈ ਕਿ ਗੁਰਦਾ ਦਾਨ ਕਰਨ ਲਈ ਦਾਨੀ ਕੋਈ ਰਿਸ਼ਤੇਦਾਰ ਜਾਂ ਸਹੀ ਖੂਨ ਮੈਚ ਗਰੁਪ ਵਾਲਾ ਹੋਣਾ ਜ਼ਰੂਰੀ ਨਹੀਂ।ਦਾਨੀਆਂ ਦੀ ਪੂਰੀ ਬਰੀਕੀ ਨਾਲ ਡਾਕਟਰੀ ਜਾਂਚ ਕੀਤੀ ਜਾਂਦੀ ਹੈ ਕਿ ਉਹ ਦਾਨ ਕਰਨ ਲਈ ਸੁਰੱਖਿਅਤ ਹਨ ਤੇ ਇਹ ਸਭ ਕੁਝ ਗੁਪਤ ਹੁੰਦਾ ਹੈ, ਸੋ ਮੈਨੂੰ ਕਿਸੇ ਵੀ ਹਾਲ ਵਿਚ ਪਤਾ ਨਹੀਂ ਹੋਵੇਗਾ, ਜਦੋਂ ਤਕ ਡਾਕਟਰ ਮੈਨੂੰ ਦਸਣਾ ਨਾ ਚਾਹੇ।

ਜੇ ਤੁਸੀਂ ਜੀਵਤ ਗੁਰਦਾ ਦਾਨ ਕਰਨ ਬਾਰੇ ਹੋਰ ਵਧ ਜਾਣਕਾਰੀ ਚਾਹੁੰਦੇ ਹੋ ਤਾਂ ਸੇਂਟ ਪਾਲ ਹਸਪਤਾਲ ਦੇ ਦਾਨੀ ਨਰਸ ਕੋਆਰਡੀਨੇਟਰ ਨਾਲ ( 604 806 9027 / 1 877 922 9822 / DonorNurse@providencehealth.bc.ca) ਜਾਂ ਵੈਨਕੂਵਰ ਜਨਰਲ ਹਸਪਤਾਲ (ਫੋਨ: 604 875-5182/1-855-875-5182; kidneydonornurse@vch.ca)
ਜਾਂ ਬੀ ਸੀ ਦੀ ਗੁਰਦਾ ਬਦਲਣ ਵਾਲੀ ਵੈਬਸਾਈਟ (www.transplant.bc.ca) ਦੇਖ ਸਕਦੇ ਹੋ। ਸਾਰੀ ਜਾਣਕਾਰੀ ਗੁਪਤ ਹੁੰਦੀ ਹੈ ਤੇ ਕੋਈ ਸੰਭਾਵੀ ਦਾਨੀ ਕਿਸੇ ਵੀ ਸਮੇਂ ਕਿਸੇ ਵੀ ਮੋੜ ਤੇ ਵਾਪਸ ਜਾ ਸਕਦੇ ਹੋ।ਜੇ ਦਾਨ ਤੁਹਾਡੇ ਵਾਸਤੇ ਨਹੀਂ ਤਾਂ ਕੋਈ ਫਿਕਰ ਨਹੀਂ , ਪਰ ਕਿਰਪਾ ਕਰਕੇ ਇਹ ਗਲ ਫੈਲਾਓ ਤਾਂ ਕਿ ਕੋਈ ਹੋਰ ਇਸ ਬਾਰੇ ਜਾਣਨਾ ਚਾਹੇ।
ਤੁਹਾਡਾ ਧੰਨਵਾਦ।